ਨਮੂਨੇ ਦਾ ਪ੍ਰਸ਼ਨ – ਪੱਤਰ

ਸ਼੍ਰੇਣੀ ਦਸਵੀਂ

ਪੰਜਾਬੀ ਏ

ਵਿਲੱਖਣ ਸਮਰੱਥਾ ਵਾਲ਼ੇ ਪਰੀਖਿਆਰਥੀਆਂ ਲਈ

ਸਮਾਂ: 3 ਘੰਟੇ

ਲਿਖਤੀ: 65 ਅੰਕ

ਆਂਤਰਿਕ ਮੁਲਾਂਕਣ: 10 ਅੰਕ

ਕੁੱਲ :75 ਅੰਕ

ਵਸਤੂਨਿਸ਼ਠ ਪ੍ਰਸ਼ਨ: 2x15=30

ਭਾਗ – ੳ

ਬਹੁਚੋਣਵੇਂ ਪ੍ਰਸ਼ਨ:

1. ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਕਿਹੜੇ ਗੁਰੂ ਸਾਹਿਬ ਦੀ ਬਾਣੀ ਦਰਜ ਹੈ?

ੳ. ਗੁਰੂ ਨਾਨਕ ਦੇਵ ਜੀ

ਅ. ਗੁਰੂ ਗੋਬਿੰਦ ਸਿੰਘ ਜੀ

ੲ. ਗੁਰੂ ਅਰਜਨ ਦੇਵ ਜੀ

ਸ. ਗੁਰੂ ਤੇਗ਼ ਬਹਾਦਰ ਜੀ 2

2. ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਵੱਧ ਕਿਹੜਾ ਸਾਜ਼ ਪਸੰਦ ਸੀ?

ੳ. ਤਬਲਾ

ਅ. ਰਬਾਬ

ੲ. ਹਾਰਮੋਨੀਅਮ

ਸ. ਬੰਸਰੀ 2

3. 'ਮੜ੍ਹੀਆਂ ਤੋਂ ਦੂਰ' ਕਹਾਣੀ ਦਾ ਲੇਖਕ ਅਤੇ ਉਸ ਦੀ ਪਤਨੀ, ਮਾਸੀ ਨੂੰ ਕਿਸ ਦਿਨ ਮੰਦਰ ਅਤੇ ਗੁਰਦੁਆਰਾ ਲੈ ਕੇ ਗਏ?

ੳ. ਬੁੱਧਵਾਰ

ਅ. ਮੰਗਲ਼ਵਾਰ

ੲ. ਸੋਮਵਾਰ

ਸ. ਐਤਵਾਰ 2

4. ਪੁੱਤਰ (ਸੁਖਦੇਵ ਸਿੰਘ) ਕਿਸ ਇਕਾਂਗੀ ਦਾ ਪਾਤਰ ਹੈ?

ੳ. ਬੰਬ ਕੇਸ

ਅ. ਦੂਜਾ ਵਿਆਹ

ੲ. ਨਾਇਕ

ਸ. ਸਮੁੰਦਰੋਂ ਪਾਰ 2

ਭਾਗ – ਅ

5. ਹੀਰ ...................... ਦੇ ਵਿਛੋੜੇ ਵਿੱਚ ਤੜਪ ਰਹੀ ਸੀ। (ਮਿਰਜ਼ੇ/ਰਾਂਝੇ) 2
6. ................. ਵਿੱਚ ਮਨ ਉੱਤੇ ਚਿਤਰੇ ਲਫ਼ਜ਼ ਸਾਨੂੰ ਕਦੇ ਨਹੀਂ ਭੁੱਲਦੇ।(ਜੁਆਨੀ, ਬਚਪਨ) 2
7. 'ਬਾਗ਼ੀ ਦੀ ਧੀ' ਕਹਾਣੀ ਦਾ ਮੁੱਖ ਪਾਤਰ ................ ਹੈ।(ਅਮਰੀਕ ਸਿੰਘ , ਕਿਸ਼ਨ ਸਿੰਘ) 2
8. ਹਰਦੇਵ ਬਾਜਵੇ ਦੀ ਪੰਜਾਬਣ ਪਤਨੀ ਦਾ ਨਾਂ ................. ਹੈ। (ਨੀਟੂ, ਸ਼ਰਨਜੀਤ) 2

ਭਾਗ – ੲ

ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਸਹੀ ਹੈ ਤੇ ਕਿਹੜਾ ਗ਼ਲਤ ਹੈ:-

9. ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਚੌਥੇ ਗੁਰੂ ਹਨ। 2
10. ਲੇਖਕ ਗੁਰਬਖ਼ਸ਼ ਸਿੰਘ ਅਕਲ ਨੂੰ ਜ਼ਿੰਦਗੀ ਦਾ ਸੋਨਾ ਕਹਿੰਦਾ ਹੈ। 2
11. 'ਅਭਿਗਯਾਨ ਸ਼ੰਕੁਤਲਾ' ਕਾਲੀਦਾਸ ਦਾ ਲਿਖਿਆ ਇੱਕ ਨਾਵਲ ਹੈ। 2
12. 'ਇੱਕ ਹੋਰ ਨਵਾਂ ਸਾਲ' ਨਾਵਲ ਦੀਆਂ ਘਟਨਾਵਾਂ ਸ੍ਰੀ ਅੰਨਦਪੁਰ ਸਾਹਿਬ ਵਿਖੇ ਵਾਪਰਦੀਆਂ ਹਨ। 2

## ਭਾਗ – ਸ

ਹੇਠ ਲਿਖਿਆਂ ਦਾ ਆਪਸ ਵਿੱਚ ਸਹੀ ਮਿਲਾਣ ਕਰਨ ਉਪਰੰਤ ਦੁਬਾਰਾ ਲਿਖੋ:-

| | | | |
|---|---|---|---|
| 13. ਪੀਲੂ | : | ਕਿੱਸਾ ਹੀਰ ਰਾਂਝਾ | |
| ਹਾਸ਼ਮ ਸ਼ਾਹ | : | ਕਿੱਸਾ ਮਿਰਜ਼ਾ ਸਾਹਿਬਾਂ | |
| ਵਾਰਿਸ ਸ਼ਾਹ | : | ਕਿੱਸਾ ਸੱਸੀ ਪੁੰਨੂੰ | |
| ਕਾਦਰਯਾਰ | : | ਕਿੱਸਾ ਪੂਰਨ ਭਗਤ | 2 |
| 14. ਗੁਰੂ ਹਰਕ੍ਰਿਸ਼ਨ ਸਾਹਿਬ | : | ਨੌਵੇਂ ਗੁਰੂ ਸਾਹਿਬ | |
| ਗੁਰੂ ਤੇਗ਼ ਬਹਾਦਰ ਸਾਹਿਬ | : | ਦਸਵੇਂ ਗੁਰੂ ਸਾਹਿਬ | |
| ਗੁਰੂ ਹਰਿਰਾਏ ਸਾਹਿਬ | : | ਸੱਤਵੇਂ ਗੁਰੂ ਸਾਹਿਬ | 2 |
| 15. ਬੰਮ ਬਹਾਦਰ | : | ਸੁਜਾਨ ਸਿੰਘ | |
| ਅੰਗ – ਸੰਗ | : | ਰਘੁਬੀਰ ਢੰਡ | |
| ਮੜ੍ਹੀਆਂ ਤੋਂ ਦੂਰ | : | ਵਰਿਆਮ ਚੰਦ | |
| ਕੁਲਫ਼ੀ | : | ਗੁਰਬਖ਼ਸ਼ ਸਿੰਘ | 2 |

16. ਕਹਾਣੀਆਂ ਦੇ ਆਧਾਰ 'ਤੇ ਪੁਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾ ਦੇ ਉੱਤਰ ਲਿਖੋ:- 5x2=10

ੳ. 'ਕੁਲਫ਼ੀ' ਕਹਾਣੀ ਦਾ ਲੇਖਕ ਆਪਣੇ ਪਿਤਾ ਦੇ ਸਮੇਂ ਦੀ ਤੁਲਨਾ ਆਪਣੇ ਸਮੇਂ ਨਾਲ਼ ਕਿਉਂ ਕਰਦਾ ਹੈ। 5

ਅ. 'ਮੜ੍ਹੀਆਂ ਤੋਂ ਦੂਰ' ਕਹਾਣੀ ਵਿੱਚ ਮਾਸੀ ਨੇ ਲੇਖਕ ਨੂੰ ਮੜ੍ਹੀਆਂ – ਸਿਵਿਆਂ ਵਰਗੇ ਨਹਿਸ਼ ਬੋਲ ਬੋਲਣ ਤੋਂ ਕਿਉਂ ਵਰਜਿਆ? 5

ੲ. 'ਅੰਗ – ਸੰਗ ' ਕਹਾਣੀ ਵਿੱਚ ਕਰਤਾਰ ਸਿੰਘ ਦੇ ਛੋਟੀ ਉਮਰੇ ਹੀ ਦੁਨੀਆ ਤੋਂ ਤੁਰ ਜਾਣ ਦੇ ਕੀ ਕਾਰਨ ਸਨ? 5

ਸ. 'ਬਾਗੀ ਦੀ ਧੀ' ਕਹਾਣੀ ਵਿੱਚ ਸੁਸਾਇਟੀ ਦੇ ਇੰਨਸਪੈੱਕਟਰ ਨੇ ਅਮਰੀਕ ਸਿੰਘ ਨੂੰ ਕਿਸ ਗੱਲ ਦੀ ਰਿਆਇਤ ਦਿੱਤੀ ਅਤੇ ਕਿਉਂ? 5

17. ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ- ਚਿਤਰਨ ਲਗ-ਪਗ 125 ਸ਼ਬਦਾਂ ਵਿੱਚ ਕਰੋ: 8x1=8

ੳ. ਪਿਤਾ (ਇਕਾਂਗੀ : ਨਾਇਕ) 8

ਅ. ਮਨਜੀਤ (ਇਕਾਂਗੀ : ਦੂਜਾ ਵਿਆਹ) 8

ੲ. ਬੇਗਮ ਉਦੇਪੁਰੀ (ਇਕਾਂਗੀ : ਜ਼ਫ਼ਰਨਾਮਾ) 8

18.ਨਾਵਲ 'ਇੱਕ ਹੋਰ ਨਵਾਂ ਸਾਲ' ਦੇ ਆਧਾਰ 'ਤੇ ਹੇਠ ਲਿਖੇ ਪਾਤਰਾਂ ਵਿੱਚੋਂ ਕਿਸੇ ਇੱਕ ਪਾਤਰ ਦਾ ਪਾਤਰ – ਚਿਤਰਨ ਲਗ-ਪਗ 150 ਸ਼ਬਦਾਂ ਵਿੱਚ ਕਰੋ। 7x1=7

ੳ. ਲਾਜੋ 7

ਅ. ਇੰਨਸਪੈੱਕਟਰ 7

ੲ. ਬੰਤੇ ਦੀ ਮਾਂ 7

19. ਵਾਰਤਕ ਲੇਖਾਂ 'ਤੇ ਆਧਾਰਿਤ ਪੁੱਛੇ ਗਏ ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ – ਪੁਸਤਕ ਦੇ ਆਧਾਰ 'ਤੇ ਲਿਖੋ: 5x2=10

ੳ. 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਇੱਕ ਬਿਰਧ ਬੀਬੀ ਦਾ ਸੁਭਾਅ ਕਿਹੋ- ਜਿਹਾ ਚਿਤਰਿਆ ਹੈ।

ਅ. ਅਰਦਾਸ ਕਦੋਂ ਅਤੇ ਕਿਉਂ ਕੀਤੀ ਜਾਂਦੀ ਹੈ? 5

ੲ. ਬਾਬਾ ਰਾਮ ਸਿੰਘ ਜੀ ਨੂੰ ਬਾਬਾ ਕਿਉਂ ਕਿਹਾ ਜਾਂਦਾ ਹੈ? 5

ਸ. ਬਿਕਰਮੀ ਸੰਮਤ ਕਦੋਂ ਅਤੇ ਕਿਹੜੇ ਬਾਦਸ਼ਾਹ ਦੇ ਨਾਂ 'ਤੇ ਸ਼ੁਰੂ ਹੋਇਆਂ? 5